BRAMPTON Flower City
brampton.ca

media release

ਤੁਰੰਤ ਰਿਲੀਜ ਲਈ

# ਐਨਬ੍ਰਿਜ ਗੈਸ ਇੰਕ. ਨੇ ਪ੍ਰੋਜੈਕਟ ਜ਼ੀਰੋ ਦੁਆਰਾ ਅੱਗ ਅਤੇ ਕਾਰਬਨ ਮੋਨੋਆਕਸਾਈਡ ਤੋਂ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਲਈ ਬ੍ਰੈਂਪਟਨ ਫਾਇਰ ਐਮਰਜੈਂਸੀ ਸਰਵਿਸਿਜ ਦੀ ਮਦਦ ਕੀਤੀ

ਬ੍ਰੈਂਪਟਨ, ਓਨਟੈਰੀਓ (5 ਨਵੰਬਰ, 2019) – ਅੱਜ, ਐਨਬ੍ਰਿਜ ਗੈਸ ਇੰਕ. (Enbridge Gas Inc.) ਅਤੇ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (ਬੀ.ਐਫ.ਈ.ਐਸ.) (Brampton Fire and Emergency Services) (BFES) ਨੇ ਘੋਸ਼ਣਾ ਕੀਤੀ ਕਿ ਉਹ ਘਰ ਸਬੰਧੀ ਸੁਰੱਖਿਆ ਵਿੱਚ ਸੁਧਾਰ ਕਰਨ ਤੇ ਅਤੇ ਅੱਗ ਅਤੇ ਕਾਰਬਨ ਮੋਨੋਆਕਸਾਈਡ ਨਾਲ ਹੋਣ ਵਾਲੀਆਂ ਮੌਤਾਂ ਨੂੰ ਘਟਾ ਕੇ ਜ਼ੀਰੋ ਕਰਨ ਤੇ ਕੰਮ ਕਰ ਰਹੇ ਹਨ।

ਬੀ.ਐਫ.ਈ.ਐਸ. (BFES) ਨੂੰ ਜਨਤਕ ਜਾਣਕਾਰੀ ਮੁਹਿੰਮ – ਪ੍ਰੋਜੈਕਟ ਜ਼ੀਰੋ (Project Zero) ਦੁਆਰਾ ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਦੇ ਸੁਮੇਲ ਵਾਲੇ 576 ਅਲਾਰਮ ਮਿਲੇ ਹਨ। ਇਹ ਮੁਹਿੰਮ ਪੂਰੇ ਓਨਟੈਰੀਓ ਦੀਆਂ 40 ਮਿਊਨਿਸਿਪਲਟੀਜ ਵਿੱਚ ਨਿਵਾਸੀਆਂ ਲਈ 9,100 ਤੋਂ ਵੱਧ ਅਲਾਰਮ ਮੁਹੱਈਆ ਕਰੇਗੀ।

ਇਸ ਸਾਲ, ਐਨਬ੍ਰਿਜ ਗੈਸ ਇੰਕ. ਨੇ ਪ੍ਰੋਜੈਕਟ ਜ਼ੀਰੋ ਵਿੱਚ $275,000 ਦਾ ਨਿਵੇਸ਼ ਕੀਤਾ ਹੈ ਅਤੇ ਪਿਛਲੇ 11 ਸਾਲਾਂ ਵਿੱਚ, ਇਸ ਪ੍ਰੋਗਰਾਮ ਰਾਹੀਂ ਓਨਟੈਰੀਓ ਦੇ ਅੱਗ ਸਬੰਧੀ ਵਿਭਾਗਾਂ ਨੂੰ 44,356 ਤੋਂ ਵੱਧ ਅਲਾਰਮ ਮੁਹੱਈਆ ਕੀਤੇ ਜਾ ਚੁੱਕੇ ਹਨ।

ਜੇਕਰ ਚੰਗੀ ਤਰ੍ਹਾਂ ਲਗਾਏ ਜਾਣ ਅਤੇ ਇਹਨਾਂ ਦੀ ਦੇਖਭਾਲ ਕੀਤੀ ਜਾਵੇ, ਤਾਂ ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਦੇ ਸੁਮੇਲ ਵਾਲੇ ਅਲਾਰਮ, ਅੱਗ ਲੱਗਣ ਤੇ ਜਾਂ ਕਾਰਬਨ ਮੋਨੋਆਕਸਾਈਡ ਗੈਸ ਫੈਲਣ ਤੇ ਘਰ ਤੋਂ ਸੁਰੱਖਿਅਤ ਰੂਪ ਨਾਲ ਬਚ ਕੇ ਨਿੱਕਲਣ ਦੀ ਜਲਦੀ ਚਿਤਾਵਨੀ ਦੇਣ ਵਿੱਚ ਮਦਦ ਕਰਦੇ ਹਨ। ਕਾਰਬਨ ਮੋਨੋਆਕਸਾਈਡ ਜ਼ਹਿਰੀਲੀ ਅਤੇ ਗੰਧਹੀਣ ਗੈਸ ਹੈ, ਜੋ ਕਈ ਤਰ੍ਹਾਂ ਦੇ ਆਮ ਬਾਲਣਾਂ ਦੇ ਸਹੀ ਢੰਗ ਨਾਲ ਨਾ ਬਲਣ ਤੋਂ ਪੈਦਾ ਹੋਣ ਵਾਲਾ ਉਪ-ਉਤਪਾਦ ਹੈ।

**ਹਵਾਲੇ**

"ਅਸੀਂ, ਸਾਡੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਲਈ ਸਾਡੇ ਭਾਈਚਾਰੇ ਵਿੱਚ ਕਾਰੋਬਾਰੀਆਂ ਦੇ ਨਾਲ ਭਾਈਵਾਲੀਆਂ ਦੀ ਬਹੁਤ ਕਦਰ ਕਰਦੇ ਹਾਂ। ਐਨਬ੍ਰਿਜ ਤੋਂ ਇਹ ਡੋਨੇਸ਼ਨ ਸਿੱਧਾ ਸਾਡੇ ਨਿਵਾਸੀਆਂ ਦੀਆਂ ਜ਼ਿੰਦਗੀਆਂ ਤੇ ਅਸਰ ਪਾਵੇਗੀ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੇਗੀ। ਪ੍ਰੋਜੈਕਟ ਜ਼ੀਰੋ ਵਿੱਚ ਹਿੱਸਾ ਲੈਣ ਨਾਲ ਸਾਨੂੰ, ਸਾਡੇ ਲੋੜਵੰਦ ਨਿਵਾਸੀਆਂ ਲਈ ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਦੇ ਅਲਾਰਮ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।"

- *ਮੇਅਰ ਪੈਟਰਿਕ ਬ੍ਰਾਊਨ (Patrick Brown), ਸਿਟੀ ਆਫ ਬ੍ਰੈਂਪਟਨ*

"ਇਹ ਸੱਚਾਈ ਹੈ ਕਿ - ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਦੇ ਅਲਾਰਮ ਜ਼ਿੰਦਗੀਆਂ ਬਚਾਉਂਦੇ ਹਨ, ਪਰੰਤੂ ਅਸੀਂ ਅਜੇ ਵੀ ਅਜਿਹੇ ਨਿਵਾਸੀ ਦੇਖਦੇ ਹਾਂ, ਜਿਹਨਾਂ ਕੋਲ ਇਹ ਅਲਾਰਮ ਨਹੀਂ ਹਨ ਜਾਂ ਜੋ ਇਹ ਯਕੀਨੀ ਬਣਾਉਣ ਲਈ ਆਪਣੇ ਅਲਾਰਮਾਂ ਦੀ ਜਾਂਚ ਨਹੀਂ ਕਰਦੇ ਕਿ ਉਹ ਕੰਮ ਕਰ ਰਹੇ ਹਨ ਅਤੇ ਉਹਨਾਂ ਦੀ ਮਿਆਦ ਨਹੀਂ ਪੁੱਗੀ ਹੈ। ਅਸੀਂ ਸਾਰੇ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਯਕੀਨੀ ਬਣਾਉਣ ਕਿ ਉਹਨਾਂ ਦੇ ਘਰ ਵਿੱਚ ਸੌਣ ਵਾਲੇ ਸਾਰੇ ਹਿੱਸਿਆਂ ਦੇ ਕੋਲ ਚਾਲੂ ਕਾਰਬਨ ਮੋਨੋਆਕਸਾਈਡ ਅਲਾਰਮ ਲੱਗੇ ਹੋਏ ਹਨ। ਇਹ ਤੁਹਾਡੇ ਪਰਿਵਾਰ ਦੀ ਜ਼ਿੰਦਗੀ ਬਚਾ ਸਕਦੇ ਹਨ।"

- *ਚੀਫ ਬਿਲ ਬੋਇਸ (Bill Boyes), ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

"ਕਾਰਬਨ ਮੋਨੋਆਕਸਾਈਡ ਨੂੰ ਕਿਸੇ ਕਾਰਨ ਤੋਂ 'ਚੁੱਪਚਾਪ ਆਉਣ ਵਾਲਾ ਹਤਿਆਰਾ' ਕਿਹਾ ਜਾਂਦਾ ਹੈ। ਸਾਡੇ ਕੋਲ ਸਬੂਤ ਹੈ ਕਿ ਰੋਕਥਾਮ ਜ਼ਿੰਦਗੀਆਂ ਬਚਾਉਂਦੀ ਹੈ। ਅਸੀਂ ਜਾਣਦੇ ਹਾਂ ਕਿ ਕਾਰਬਨ ਮੋਨੋਆਕਸਾਈਡ ਨੂੰ ਫੈਲਣ ਤੋਂ ਬਚਾਉਣ ਦਾ ਬਿਹਤਰ ਤਰੀਕਾ, ਬਾਲਣ-ਜਲਾਉਣ ਵਾਲੇ ਉਪਕਰਨ ਦੀ ਚੰਗੀ ਤਰ੍ਹਾਂ ਦੇਖਭਾਲ ਕਰਕੇ ਸਰੋਤ ਤੋਂ ਹੀ ਇਸਨੂੰ ਖ਼ਤਮ ਕਰਨਾ ਹੈ। ਸਾਨੂੰ ਇਹ ਵੀ ਪਤਾ ਹੈ ਕਿ ਅਲਾਰਮ, ਮੋਨੋਆਕਸਾਈਡ ਦੇ ਜ਼ਹਿਰ ਤੋਂ ਰੱਖਿਆ ਕਰਨ ਲਈ ਬਚਾਅ ਦੀ ਦੂਜਾ ਮਹੱਤਵਪੂਰਣ ਉਪਾਅ ਹਨ।"

- *ਗ੍ਰਾਂਟ ਕਿਲਪੈਟਰਿਕ (Grant Kilpatrick), ਓਪਰੇਸ਼ਨਸ ਮੈਨੇਜਰ, ਐਨਬ੍ਰਿਜ ਗੈਸ ਇੰਕ.*

"ਪ੍ਰੋਜੈਕਟ ਜ਼ੀਰੋ ਦਾ ਉਦੇਸ਼, ਓਨਟੈਰੀਓ ਦੇ ਉਹਨਾਂ ਭਾਈਚਾਰਿਆਂ ਨੂੰ ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਦੇ ਸੁਮੇਲ ਵਾਲੇ ਅਲਾਰਮ ਪ੍ਰਦਾਨ ਕਰਨਾ ਹੈ, ਜਿਹਨਾਂ ਨੂੰ ਇਹਨਾਂ ਦੀ ਸਭ ਤੋਂ ਵੱਧ ਲੋੜ ਹੈ। ਇਹ ਅਜਿਹਾ ਪ੍ਰੋਗਰਾਮ ਹੈ, ਜਿਸਨੂੰ ਮਿਉਨਿਸਿਪਲ ਅੱਗ ਸਬੰਧੀ ਵਿਭਾਗ ਗ੍ਰਹਿਣ ਕਰ ਸਕਦੇ ਹਨ, ਤਾਂ ਜੋ ਉਹ ਆਪਣੇ ਭਾਈਚਾਰਿਆਂ ਨੂੰ ਇਸ ਬਾਰੇ ਜਾਣਨ ਵਿੱਚ ਮਦਦ ਕਰ ਸਕਣ ਕਿ ਓਨਟੈਰੀਓ ਦੇ ਸਾਰੇ ਘਰਾਂ ਵਿੱਚ ਸੀ.ਓ. (CO) ਅਲਾਰਮਾਂ ਦੀ ਲੋੜ ਹੈ, ਜੇਕਰ ਉਹਨਾਂ ਕੋਲ ਬਾਲਣ ਜਲਾਉਣ ਵਾਲੇ ਉਪਕਰਨ ਹਨ ਜਾਂ ਜੁੜਿਆ ਹੋਇਆ (ਅਟੈਚਡ) ਗੈਰਾਜ ਹੈ।"

- *ਜੌਨ ਪੇਗ (Jon Pegg), ਓਨਟੈਰੀਓ ਫਾਇਰ ਮਾਰਸ਼ਲ ਐਂਡ ਚੀਫ, ਐਮਰਜੈਂਸੀ ਮੈਨੇਜਮੈਂਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca